



# ਸਖੀਓ ਸਹੇਲੜੀਓ



ਕਦੇ ਕਦਾਈਂ ਸਹੁਰੇ ਪਿੰਡ ਦੀਆਂ ਕੁੜੀਆਂ ਪਿੰਡ ਗਿਆਂ ਨੂੰ ਜਾਂ ਕਦੇ ਕਿਤੇ ਸ਼ਹਿਰ ਬਜ਼ਾਰ ਵਿਚ ਮਿਲਦਿਆਂ ਜਦੋਂ ਤਾਈ ਜੀ ਚਾਚੀ ਜੀ ਕਹਿ ਕੇ, ਗਲ ਲੱਗਦੀਆਂ ਨੇ ਤਾਂ ਰੂਹ ਨੂੰ ਜਿਵੇਂ ਇਕ ਰੱਜ ਜਿਹਾ ਆ ਜਾਂਦਾ ਹੈ। ਅੱਜ ਤੋਂ 25-30 ਸਾਲ ਪਹਿਲਾਂ ਵਾਲੀਆਂ ਬਾਲੜੀਆਂ ਜਿਹੀਆਂ ਗਲੀ ਗੁਆਂਢ ਦੀਆਂ ਨਣਦਾਂ ਜਦੋਂ ਕਦੇ 'ਭਾਬੀ' ਕਹਿ ਕੇ ਬੁਲਾਉਂਦੀਆਂ ਨੇ ਜਿਵੇਂ ਇਕ ਤਰ੍ਹਾਂ ਸਮਾਂ ਵੀ ਰੁਕ ਜਾਂਦਾ ਹੈ। ਉਹ ਬਾਲੜੀਆਂ ਭਰ ਜੁਆਨ ਔਰਤਾਂ ਬਣੀਆਂ ਮੈਨੂੰ ਸੁਪਨਾ ਜਿਹਾ ਲੱਗਦੀਆਂ ਨੇ, ਉਨ੍ਹਾਂ ਦਾ ਮੋਹ ਭਰਿਆ ਕਲ਼ਾਵਾ ਓਦਰੀ ਜਿਹੀ ਜ਼ਿੰਦਗੀ 'ਚ ਕੁਝ ਪਲ ਖੇੜਾ ਬਖ਼ਸ਼ ਜਾਂਦਾ ਹੈ। ਇਸੇ ਤਰ੍ਹਾਂ ਪੇਕੇ ਪਿੰਡ ਸ਼ਰੀਕੇ ਭਾਈਚਾਰੇ ਤੋਂ ਬਿਨਾਂ ਗੁਆਂਢ ਮੱਥੇ ਦੀਆਂ ਬਹੁਤ ਸਾਰੀਆਂ ਨੂੰਹਾਂ ਧੀਆਂ ਹੁਣ ਵੀ ਮਿਲ ਜਾਂਦੀਆਂ ਨੇ। ਭਾਵੇਂ ਉਹ ਰਿਸ਼ਤੇ ਅਤੇ ਪੀੜ੍ਹੀਆਂ ਦੇ ਹਿਸਾਬ ਮੇਰੀਆਂ ਭਤੀਜ ਨੂੰਹਾਂ ਜਾਂ ਅੱਗੋਂ ਉਨ੍ਹਾਂ ਦੀਆਂ ਵੀ ਨੂੰਹਾਂ ਨੇ ਪਰ ਮੈਂ ਉਮਰ 'ਚ ਵੱਡੀਆਂ ਹੋਣ ਕਰਕੇ ਆਦਰ ਵਜੋਂ ਉਨ੍ਹਾਂ ਨੂੰ ਭਾਬੀ ਹੀ ਆਖਦੀ ਸਾਂ ਤੇ ਉਹ ਮੈਨੂੰ ਬੀਬੀ ਜਾਂ ਭੂਆ ਜੀ ਸੱਦਦੀਆਂ ਸਨ। ਹੁਣ ਇਸ ਆਧੁਨਿਕ ਯੁੱਗ ਵਿਚ ਸਭ ਦੇ ਸਭ ਰਿਸ਼ਤੇ ਆਂਟੀ ਅੰਕਲ ਦੇ ਗਲਾਫ਼ ਵਿਚ ਢਕੇ ਗਏ ਨੇ ਤੇ ਸ਼ਾਇਦ ਰਿਸ਼ਤਿਆਂ ਵਿਚੋਂ ਅਪਣੱਤ ਤੇ ਮੋਹ ਦੀ ਮਹਿਕ ਇਸੇ ਲਈ ਮੁੱਕਦੀ ਜਾਂਦੀ ਹੈ। ਅੱਗੇ ਪਿਓ ਦੇ ਦੋਸਤ ਨੂੰ ਤਾਇਆ ਜੀ, ਚਾਚਾ ਜੀ ਅਤੇ ਮਾਂ ਦੀ ਸਹੇਲੀ ਨੂੰ ਮਾਸੀ ਜਾ ਕਿਹਾ ਜਾਂਦਾ ਸੀ। ਆਪਣੇ ਦੋਸਤਾਂ ਸਹੇਲੀਆਂ ਦੇ ਮਾਪਿਆਂ ਨੂੰ ਜੋ ਉਹ ਆਪ ਸੰਬੋਧਨ ਕਰਦੇ ਸਨ ਉਹੀ ਸਾਰੇ ਕਹਿੰਦੇ ਸਨ। ਕਦੇ ਕੋਈ ਆਂਟੀ-ਅੰਕਲ ਨਹੀਂ ਸੀ ਕਹਿੰਦਾ ਦੋਸਤਾਂ ਸਹੇਲੀਆਂ ਦੇ ਮਾਪੇ ਇਕ ਦੂਜੇ ਨਾਲ ਗੂੜ੍ਹੀਆਂ ਸਕੀਰੀਆਂ ਵਾਂਗ ਵਰਤਦੇ ਭਾਵੇਂ ਦੋਸਤ ਜਾਂ ਸਹੇਲੀਆਂ ਗਿਣਤੀ ਦੇ ਹੀ ਹੁੰਦੇ ਪਰ ਹੁੰਦੇ ਨਿਭਣ ਵਾਲੇ। ਅੱਜ ਵਾਂਗ ਟੋਲਿਆਂ ਦੇ ਟੋਲੇ ਤੇ ਰੁੱਤਾਂ ਦੇ ਬਦਲਣ ਵਾਂਗ ਬਦਲਣ ਵਾਲੇ ਦੋਸਤ ਮਿੱਤਰ ਨਹੀਂ ਸੀ ਹੁੰਦੇ।

ਯਾਦਾਂ ਦੇ ਵਹੀ ਖਾਤੇ ਫਰੋਲ਼ੀ ਬੈਠੀ ਨੂੰ ਜਿੱਥੇ ਮੈਨੂੰ ਆਪਣੇ ਬਚਪਨ ਦੀਆਂ ਤਿੰਨ ਸਹੇਲੀਆਂ ਅਮਰ, ਸੱਤਿਆ ਤੇ ਵਿੰਦਰ ਯਾਦ ਆਉਂਦੀਆਂ ਨੇ ਜੋ ਮੇਰੇ ਬੱਚਿਆਂ ਦੀਆਂ ਨਾਂ ਦੀਆਂ ਹੀ ਮਾਸੀਆਂ ਨਹੀਂ ਵਰਤਣ ਨਿਭਣ ਵਾਲੀਆਂ ਮਾਸੀਆਂ ਵੀ ਨੇ, ਮੇਰੇ ਬੱਚੇ ਅੱਜ ਵੀ ਉਨ੍ਹਾਂ ਨੂੰ 'ਮਾਸੀ ਜੀ' ਕਹਿੰਦੇ ਨੇ। ਉਥੇ ਸਭ ਤੋਂ ਵੱਧ ਮੈਨੂੰ ਬੀ-ਜੀ ਦੀ ਸਹੇਲੀ ਯਾਦ ਆਉਂਦੀ ਹੈ ਉਂਜ ਤਾਂ ਮੈਂ ਉਨ੍ਹਾਂ ਨੂੰ ਕਦੇ ਵੀ ਨਹੀਂ ਭੁੱਲੀ। ਮੈਂ ਬਹੁਤ ਛੋਟੀ ਸਾਂ ਮੇਰੇ ਪਿਤਾ ਜੀ ਬਠਿੰਡੇ ਜ਼ਿਲ੍ਹੇ ਦੇ ਫੂਲ ਥਾਣੇ ਵਿਚ ਥਾਣੇਦਾਰ ਸਨ ਤੇ ਨਾਲ ਲੱਗਦੇ ਸ਼ਹਿਰ ਰਾਮਪੁਰੇ ਵਿਚ ਸਰਹਿੰਦ ਸ਼ਹਿਰ ਜਿਸਨੂੰ ਪੁਰਾਣੀ ਸਰਹਿੰਦ ਵੀ ਕਿਹਾ ਜਾਂਦਾ ਹੈ ਤੋਂ ਇਕ ਅਮਰ ਨਾਥ ਧੀਮਾਨ ਨਾਂ ਦੇ ਸੱਜਣ ਨਾਜਰ ਦੀ ਪੋਸਟ ਤੇ ਸਨ। ਕਿਸੇ ਮੀਟਿੰਗ ਵਿਚ ਮੇਰੇ ਪਿਤਾ ਜੀ ਦਾ ਤੇ ਉਨ੍ਹਾਂ ਦਾ ਮੇਲ ਹੋਇਆ, ਗੱਲਾਂ ਗੱਲਾਂ ਵਿਚ ਪਤਾ ਲੱਗਾ ਕਿ ਦੋਵੇਂ ਇਕ ਜ਼ਿਲ੍ਹੇ ਦੇ ਹਨ। ਉਹ ਮੇਲ ਉਮਰਾਂ ਦੀ ਨੇੜਤਾ ਹੋ ਨਿਬੜਿਆ। ਰਾਮਪੁਰਾ ਫੂਲ ਨੇੜੇ-ਨੇੜੇ ਨੇ। ਉਹ ਆਪਣੀ ਪਤਨੀ ਪ੍ਰਕਾਸ਼ ਵਤੀ ਨੂੰ ਲੈ ਕੇ ਸਾਡੇ ਘਰ ਆਏ। ਉਸ ਤੋਂ ਬਾਅਦ ਬੀ-ਜੀ ਸਾਰੀ ਉਮਰ ਉਨ੍ਹਾਂ ਨਾਲ ਭੈਣਾਂ ਵਾਂਗ ਵਰਤਦੇ ਰਹੇ। ਅਸੀਂ ਸਾਰੇ ਭੈਣ-ਭਰਾ ਉਨ੍ਹਾਂ ਨੂੰ ਮਾਸੀ ਜੀ ਹੀ ਕਹਿੰਦੇ ਹਾਂ। ਮੇਰੇ ਘਰ ਜੁੜਵਾਂ ਧੀਆਂ ਹੋਈਆਂ ਤਾਂ ਮਾਂ ਤੋਂ ਪਹਿਲਾਂ ਮਾਸੀ ਮੇਰੀ ਸੇਵਾ ਸੰਭਾਲ ਲਈ ਹਾਜ਼ਰ ਸੀ। ਦੋ ਮਹੀਨੇ ਉਨ੍ਹਾਂ ਮੇਰੀ ਮਾਂ ਦੇ ਨਾਲ ਮੇਰੀ ਤੇ ਮੇਰੇ ਘਰ ਦੀ ਦੇਖਭਾਲ ਕੀਤੀ। ਖਰਾਬ ਸਿਹਤ ਅਤੇ ਬਿਰਧ ਅਵਸਥਾ ਹੋਣ ਤੇ ਵੀ ਉਹ ਮੇਰੇ ਰਾਜੇ ਪੁੱਤ ਦੇ ਤੁਰ ਜਾਣ ਤੇ ਡਿੱਗਦੀ ਢਹਿੰਦੀ ਮੈਨੂੰ ਮਿਲਣ ਆਈ। ਮੈਂ ਵੀ ਕਾਰਜਾਂ ਵਿਹਾਰਾਂ ਵਿਚ ਮਾਸੀ ਜੀ ਨੂੰ ਮਾਂ ਵਾਂਗ ਹੀ ਮਾਣ ਦੇਂਦੀ ਰਹੀ ਹਾਂ। ਉਹ ਪੁਰਾਣੇ ਮੋਹ ਮੁਹੱਬਤਾਂ ਭਰੇ ਦਿਲਾਂ ਵਾਲੇ ਬੰਦੇ ਹੁਣ ਤੁਹਾਨੂੰ ਬਹੁਤ ਘੱਟ ਲੱਭਣਗੇ। ਬਹੁਤ ਘੱਟ ਪਰਿਵਾਰਾਂ ਵਿਚ ਇਹ ਗੁਣ ਅੱਗੋਂ ਵਿਕਸਤ ਹੋਇਆ ਹੈ। ਇਹੋ ਸਾਡਾ ਦੁਖਾਂਤ ਹੈ।

ਮਾਸੀ ਜੀ ਨੇ ਹੀ ਮੈਨੂੰ ਫੁਲਕੇ ਬਣਾਉਣੇ ਸਿਖਾਏ ਸਨ। ਮੈਨੂੰ ਉਨ੍ਹਾਂ ਦੀ ਗੱਲ ਕਦੇ ਨਹੀਂ ਭੁੱਲਦੀ ਜਦੋਂ ਮੈਂ ਨਿੱਕੇ-ਨਿੱਕੇ ਹੱਥਾਂ ਨਾਲ ਪਹਿਲੀ ਵਾਰ ਨਿੱਕੇ-ਨਿੱਕੇ ਫੁਲਕੇ ਬਣਾਏ ਤਾਂ ਮਾਸੀ ਜੀ ਨੇ ਕੋਲਿਆਂ ਵਾਲੀ ਅੰਗੀਠੀ ਤੇ ਤਵਾ ਧਰਿਆ ਹੋਇਆ ਸੀ, ਉਨ੍ਹਾਂ ਕਿਹਾ 'ਬੇਟਾ ਫੁਲਕਾ ਵੱਡਾ ਭਾਵੇਂ ਹੋ ਜਾਵੇ ਪਰ ਮੋਟਾ ਨਾ ਰਹੇ ਕਿਉਂਕਿ ਮੋਟਾ ਫੁਲਕਾ ਕਿਧਰੇ ਕੱਚਾ ਰਹਿ ਸਕਦਾ ਹੈ।' ਉਨ੍ਹਾਂ ਨੇ ਹੀ ਛੁੱਟੀਆਂ ਵਿਚ ਮੈਨੂੰ ਕੋਲ ਰੱਖ ਕੇ ਸਲਾਈ ਮਸ਼ੀਨ ਦੇ ਕਲ ਪੁਰਜ਼ਿਆਂ ਦੀ ਜਾਣਕਾਰੀ ਦਿੱਤੀ ਧਾਗਾ ਪਾਉਣਾ ਤੇ ਸੀਣਾ ਪਰੋਣਾ ਸਿਖਾਇਆ, ਉਨ੍ਹਾਂ ਦਿਨਾਂ ਵਿਚ ਕਿਸੇ-ਕਿਸੇ ਘਰ ਹੀ ਸਲਾਈ ਮਸ਼ੀਨ ਹੁੰਦੀ ਸੀ। ਉਨ੍ਹਾਂ ਨੇ ਹੀ ਰਸੋਈ ਦੇ ਬਹੁਤ ਗੁਰ ਤੇ ਨੁਕਤੇ ਮੈਨੂੰ ਮਾਂ ਵਾਂਗ ਸਿਖਾਏ। ਮੈਂ ਆਪਣੀ ਮਾਂ ਦੇ ਤੁਰ ਜਾਣ ਤੇ ਵੀ ਆਪਣੀ ਮਾਂ ਵਰਗੀ ਮਾਸੀ ਦਾ ਅੱਜ ਵੀ ਆਦਰ ਕਰਦੀ ਹਾਂ। ਮਾਸੀ ਜੀ ਜਦੋਂ ਵੀ ਸਾਡੇ ਪਿੰਡ ਸੇਂਪਲੀ ਆਉਂਦੇ ਸਾਰਾ ਗੁਆਂਢ ਮੁਹੱਲਾ ਸ਼ਹਿਰੋਂ ਆਈ 'ਸਾੜ੍ਹੀ ਵਾਲੀ ਮਾਸੀ' ਨੂੰ ਦੇਖਣ ਮਿਲਣ ਆਉਂਦਾ। ਸਾਰੇ ਗੁਆਂਢ ਦੇ ਬੱਚੇ ਉਨ੍ਹਾਂ ਨੂੰ ਮਾਸੀ ਜੀ ਹੀ ਕਹਿੰਦੇ। ਉਨ੍ਹਾਂ ਦਿਨਾਂ ਵਿਚ ਪਿੰਡਾਂ ਵਿਚ ਬਿਜਲੀ ਨਹੀਂ ਸੀ ਹੁੰਦੀ ਇਕ ਵਾਰ ਮਾਸੀ ਜੀ ਬੀ-ਜੀ ਨੂੰ ਕਹਿਣ ਲੱਗੇ ਕਿ 'ਮੈਨੂੰ ਮਿੱਟੀ ਦੇ ਭੜੋਲੇ, ਹਾਰੇ ਤੇ ਪੀੜ੍ਹੇ ਦਿਖਾ ਕੇ ਲਿਆ' ਬੀ-ਜੀ ਕਹਿਣ ਲੱਗੇ 'ਮੈਂ ਅਜੇ ਥੋੜ੍ਹੀ ਦੇਰ ਤੋਂ ਪਿੰਡ ਰਹਿਣ ਲੱਗੀ ਹਾਂ ਕਦੇ ਬਹੁਤਾ ਕਿਸੇ ਦੇ ਘਰ ਨਹੀਂ ਗਈ, ਬਾਹਰ ਅੰਦਰ ਦੇ ਕੰਮ ਬੇਬੇ (ਸਾਡੀ ਤਾਈ) ਹੀ ਕਰਦੀ ਹੈ ਭਾਵੇਂ ਅਲੱਗ ਹਾਂ ਪਰ ਉਹ ਸਾਡੀ ਵੱਡੀ ਹੈ, ਤੂੰ ਬੇਬੇ ਨੂੰ ਪੁੱਛ ਲੈ' ਕੋਲ ਬੈਠਾ ਵੱਡਾ ਵੀਰ ਬੋਲਿਆ 'ਰਾਤ ਨੂੰ ਰੋਟੀ ਜਲਦੀ ਪਕਾਓ ਖਾਓ ਵਿਹਲੇ ਹੋ ਕੇ ਲਾਲਟੈਣ ਚੁੱਕੋ ਤੇ ਮਾਸੀ ਜੀ ਨੂੰ ਤਾਈ ਦਫੇਦਾਰਨੀ ਤੇ ਭਾਬੀ ਸੂਬੇਦਾਰਨੀ ਦੇ ਘਰ ਮਿੱਟੀ ਦੀਆਂ ਕਮਾਲਾਂ ਦਿਖਾ ਕੇ ਲਿਆਓ।'

ਰਾਤ ਨੂੰ ਬੇਬੇ ਨੇ ਇਕ ਹੱਥ ਵਿਚ ਲਾਲਟੈਣ ਚੁੱਕੀ ਤੇ ਦੂਜੇ ਹੱਥ ਵਿਚ ਸੋਟੀ ਫੜ ਲਈ ਤੇ ਸਾਡਾ ਕਾਫ਼ਲਾ ਲੈ ਤੁਰੀ। ਮੋਰਾਂ-ਚਿੜੀਆਂ ਵਾਲੇ ਮਿੱਟੀ ਦੇ ਪੀੜ੍ਹੇ (ਮਿੱਟੀ ਗਾਰੇ ਦੀਆਂ ਸ਼ੈਲਫਾਂ ਬਣਾ ਕੇ ਆਲੇ-ਦੁਆਲੇ ਮੋਰਾਂ ਚਿੜੀਆਂ ਦੀ ਸ਼ਕਲ ਦੇ ਜੰਗਲੇ ਜਿਹੇ ਬਣਾਏ ਹੁੰਦੇ) ਵਿਚ ਪਿੱਤਲ ਦੇ ਥਾਲ ਕੌਲੀਆਂ ਤੇ ਗਲਾਸ ਸਜਾਏ ਹੁੰਦੇ। ਆਟਾ ਪਾਉਣ ਲਈ ਵੀ ਮਿੱਟੀ ਦੇ ਭੜੋਲੇ ਬਣਾਏ ਹੁੰਦੇ ਸਨ ਜਾਂ ਕਹਿ ਲਓ ਮਿੱਟੀ ਗਾਰੇ ਦੇ ਡਰੰਮ ਬਣਾਏ ਹੁੰਦੇ ਸਨ, ਜਿਨ੍ਹਾਂ 'ਤੇ ਸੁਚੱਜੀ ਨੂੰਹ ਧੀ ਨੇ ਸ਼ੇਰ, ਹਿਰਨ, ਹਾਥੀ, ਘੋੜਿਆਂ ਦੀ ਹੂ-ਬ-ਹੂ ਸ਼ਕਲ ਬਣਾ ਕੇ ਕਮਾਲ ਕੀਤੀ ਹੁੰਦੀ। ਮਾਸੀ ਜੀ ਦੇਖ-ਦੇਖ ਬਹੁਤ ਖੁਸ਼ ਹੁੰਦੇ ਤੇ ਸਾਡੀ ਵੀ ਚੰਗੀ ਪਿਕਨਿਕ ਹੋ ਜਾਂਦੀ। ਜਿਸ ਘਰ ਜਾਂਦੇ ਸੁਆਣੀਆਂ ਦੇ ਧਰਤੀ ਤੇ ਪੈਰ ਨਾ ਲੱਗਦੇ, ਸ਼ਹਿਰੋਂ ਆਈ ਮਾਸੀ ਤੇ ਠਾਣੇਦਾਰਨੀ ਮਾਂ ਜੀ ਦੇ ਨਾਲ ਸਾਡੀ ਖੱਪ ਪਾਉਂਦੀ ਟੋਲੀ ਦਾ ਵੀ ਸਾਰਿਆਂ ਨੇ ਮਾਣ ਆਦਰ ਕਰਨਾ। ਕਿਸੇ ਨੇ ਚਾਹ ਕਿਸੇ ਨੇ ਦੁੱਧ ਨਾਲ ਖੋਏ ਦੀਆਂ ਪਿੰਨੀਆਂ ਜੋ ਘਰਾਂ ਵਿਚ ਆਮ ਹੀ ਬਣੀਆਂ ਹੁੰਦੀਆਂ ਮੱਲੋ-ਮੱਲੀ ਅੱਗੇ ਲਿਆ ਧਰਨੀਆਂ। ਸਾਨੂੰ ਘਰ ਮੁੜਦਿਆਂ ਨੂੰ ਅੱਧੀ ਰਾਤ ਹੋ ਜਾਂਦੀ। ਅਜੋਕੇ ਸਮੇਂ ਵਾਂਗ ਰਾਤ ਨੂੰ ਨਾ ਡਰ, ਨਾ ਫ਼ਿਕਰ ਨਾ ਫਾਕਾ ਮੌਜ ਨਾਲ ਪਿੰਡ ਦੀਆਂ ਗਲੀਆਂ ਵਿਚ ਤੁਰੇ ਫਿਰਨਾ। ਮਾਸੀ ਜੀ ਨੇ ਆਪਣੇ ਸ਼ਹਿਰ ਮੁੜਨ ਦਾ ਨਾਮ ਨਾ ਲੈਣਾ, ਉਦੋਂ ਹੀ ਮੁੜਨਾ ਜਦੋਂ ਮਾਸੜ ਜੀ ਨੇ ਉਨ੍ਹਾਂ ਨੂੰ ਲੈਣ ਆਉਣਾ। ਜਾਣ ਲੱਗਿਆਂ ਨੂੰ ਜੇ ਸਰਦੀ ਦਾ ਮੌਸਮ ਹੋਣਾ ਤਾਂ ਸਰ੍ਹੋਂ ਦਾ ਸਾਗ, ਮੱਕੀ ਦਾ ਆਟਾ, ਗੰਨੇ ਗੁੜ ਸ਼ੱਕਰ ਸੁਗਾਤਾਂ ਦੇ ਕੇ ਘੱਲਣੀਆਂ ਤੇ ਗਰਮੀ ਦੀ ਰੁੱਤ ਹੋਣੀ ਤਾਂ ਛੱਲੀਆਂ, ਅੰਬ ਅਤੇ ਅੰਬਾਂ ਦਾ ਅਚਾਰ-ਚਟਣੀ ਪਾ ਕੇ ਦੇਣੀ। ਹੁਣ ਕਿਸ ਕੋਲ ਸਮਾਂ ਹੈ ਕਿਸੇ ਸਖੀ ਸਹੇਲੀ ਕੋਲ ਦਸ ਵੀਹ ਦਿਨ ਰਹਿ ਸਕੇ। ਕਿਸ ਕੋਲ ਐਡਾ ਦਿਲ ਹੈ ਜੋ ਐਨਾ ਪਿਆਰ ਸਤਿਕਾਰ ਕਿਸੇ ਤੋਂ ਐਦਾਂ ਨਿਛਾਵਰ ਕਰ ਸਕੇ। ਮਾਸੀ ਜੀ ਦੇ ਜਾਣ ਤੇ ਕਿੰਨੇ-ਕਿੰਨੇ ਦਿਨ ਸਾਡਾ ਦਿਲ ਨਾ ਲੱਗਦਾ।

ਇਹ ਯਾਦਾਂ ਜ਼ਿੰਦਗੀ ਦਾ ਸਰਮਾਇਆ, ਰੂਹ ਨੂੰ ਅਨੂਠਾ ਜਿਹਾ ਅਨੰਦ ਪ੍ਰਦਾਨ ਕਰਦੀਆਂ ਨੇ। ਸੋਚਦੀ ਹਾਂ ਉਹ ਕਿੱਧਰ ਗਏ ਦਿਹਾੜੇ ਜਦੋਂ ਸੋਹਣੇ ਮੋਹ ਭਰੇ ਪਲਾਂ ਵਿਚ ਕੋਈ ਰੰਗਲੇ ਸੱਜਣ ਜੁੜ ਬਹਿੰਦੇ ਸਨ। ਅੱਜ ਦੇ ਮਸ਼ੀਨੀ ਤੇ ਦਿਖਾਵੇ ਦੇ ਯੁੱਗ ਵਿਚ ਤੇ ਤਾਊ ਚਾਚੂ, ਨਾਨੂੰ ਮਾਮੂੰ ਤੇ ਵੱਡੀ ਮੰਮਾ ਛੋਟੀ ਮੰਮਾ ਦੇ 'ਨਵਯੁੱਗ' ਵਿਚ, ਇਹ ਪਰੀ ਕਹਾਣੀਆਂ ਵਰਗੀਆਂ ਗੱਲਾਂ ਅਜੀਬੋ ਗਰੀਬ ਜਿਹੀਆਂ ਵੀ ਲੱਗ ਸਕਦੀਆਂ ਨੇ। ਅੱਜ ਦੇ ਸਮੇਂ ਬਹੁਤ ਘੱਟ ਲੋਕ ਨੇ ਜੋ ਐਨਾ ਮਾਣ ਸਤਿਕਾਰ ਕਿਸੇ ਨੂੰ ਦੇਣ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅਜੇ ਵੀ ਕੁਝ ਲੋਕ ਪੁਰਾਣੇ ਸਮੇਂ ਵਾਂਗ ਮਹਿਮਾਨਾਂ ਦਾ ਆਦਰ ਕਰਦੇ ਨੇ। ਬਹੁਤੇ ਘਰੀਂ ਅਜਿਹਾ ਮਾਹੌਲ ਨਹੀਂ ਮਿਲੇਗਾ ਕਿ ਕਿਸੇ ਦੇ ਆਇਆਂ ਅਗਲੇ ਦੇ ਚਾਅ ਨਾ ਚੁੱਕੇ ਜਾਣ ਧਰਤੀ ਤੇ ਖੁਸ਼ੀ ਨਾਲ ਪੈਰ ਨਾ ਲੱਗਣ ਭਾਵੇਂ ਤੁਸੀਂ ਫ਼ੋਨ ਕਰਕੇ ਵੀ ਜਾਵੋ। ਅਗਲਾ ਚਾਹ ਪਾਣੀ ਪਿਆਵੇਗਾ ਰੋਟੀ ਵੀ ਖੁਆਵੇਗਾ ਪਰ ਉਸ ਵਿਚ ਮੋਹ ਪਿਆਰ ਦੀ ਅਪਣੱਤ ਦੀ ਮਿਠਾਸ ਘੱਟ ਹੀ ਹੋਵੇਗੀ। ਜੇ ਕਦੇ ਤੁਸੀਂ ਰਾਤ ਬਰਾਤੇ ਕਿਸੇ ਦੇ ਘਰ ਜਾਓ ਹੋਰ ਵੀ 'ਰੰਗਲਾ' ਮਾਹੌਲ ਹੋਵੇਗਾ ਕਿਉਂਕਿ ਘਰ ਦੀ ਸੁਆਣੀ ਨੇ ਟੀ.ਵੀ. ਸੀਰੀਅਲ ਵੀ ਦੇਖਣੇ ਹੁੰਦੇ ਨੇ, ਘੜੀ-ਘੜੀ ਵੱਜਦੇ ਫ਼ੋਨ ਵੀ ਸੁਣਨੇ ਹੁੰਦੇ ਨੇ, ਬੱਚਿਆਂ ਨੂੰ ਹੋਮ-ਵਰਕ ਵੀ ਕਰਵਾਉਣਾ ਹੁੰਦਾ ਹੈ। 'ਕੱਲੀ-ਕਾਰੀ ਜਾਨ ਕਿੱਧਰ-ਕਿੱਧਰ ਹੋਵੇ। ਘਰ ਵਿਚ ਸੱਸ ਨਣਦ ਨਾਲ ਹੋਣ ਤਾਂ ਕੋਈ ਗੱਲ ਬਣੇ। ਦਰਾਣੀ ਜਠਾਣੀ ਹੋਵੇ ਤਾਂ ਵੀ ਇਕ ਜਣੀ ਮਹਿਮਾਨਾਂ ਕੋਲ ਬੈਠੇ ਸੋ ਇਸ 'ਨਵਯੁੱਗ' ਵਿਚ ਨਾ ਉਹ ਪਹਿਲਾਂ ਵਰਗੇ 'ਪ੍ਰਾਹੁਣੇ' ਰਹੇ ਨੇ ਨਾ ਉਹ ਪਹਿਲਾਂ ਵਾਲੀ ਪ੍ਰਾਹੁਣਾਚਾਰੀ।

ਬੱਸ ਉਦਾਸ ਜਿਹੇ ਮਨ ਨਾਲ ਸੋਚਦੀ ਰਹਿ ਜਾਂਦੀ ਹਾਂ ਕਿ ਕੀ ਉਹ ਦਿਹਾੜੇ ਕਦੇ ਜ਼ਿੰਦਗੀ ਵਿਚ ਫਿਰ ਪਰਤ ਕੇ ਆ ਸਕਦੇ ਨੇ ...।

